**Shikshan Sanshodhan : Journal of Arts, Humanities and Social Sciences** ISSN(o): 2581-6241
**Monthly, Peer-Reviewed, Refereed, Indexed Journal** Impact Factor: 6.471
**Volume - 6, Issue - 8, August - 2023** Publication Date: 15/08/2023

DOIs:10.2018/SS/202308005 --:-- Research Paper / Article / Review

# ਤਰਕਸ਼ੀਲ ਲਹਿਰ ਤੇ ਪੰਜਾਬੀ ਰੰਗਮੰਚ

**ਕੰਵਲਜੀਤ ਕੌਰ**
**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

Email - sompalheera@gmail.com

ਨਾਟਕ ਤੋਂ ਰੰਗਮੰਚ ਜਨਮ ਲੈਂਦਾ ਹੈ ਤੇ ਰੰਗਮੰਚ ਨਾਟਕ ਵਿੱਚ ਇਸ ਤਰ੍ਹਾ ਸਮਾਇਆ ਹੁੰਦਾ ਜਿਵੇਂ ਦੁੱਧ ਵਿੱਚ ਮੱਖਣ। ਦੁੱਧ ਵਿੱਚੋਂ ਮੱਖਣ ਕੱਢਣ ਲਈ ਦੁੱਧ ਨੂੰ ਗਰਮ ਕਰਕੇ ਠੰਡਾ ਕੀਤਾ ਜਾਂਦਾ ਹੈ। ਫੇਰ ਕੋਸਾ ਕਰਕੇ ਜਾਗ ਲਗਾ ਕੇ ਦਹੀਂ ਦਾ ਰੂਪ ਦਿੱਤਾ ਜਾਂਦਾ ਹੈ ਅਤੇ ਮਧਾਣੀ ਨਾਲ ਰਿੜਕ ਕੇ ਮੱਖਣ ਕੱਢਿਆ ਜਾਂਦਾ ਹੈ ਠੀਕ ਇਸੇ ਤਰ੍ਹਾਂ ਇੱਕ ਨਾਟ ਲਿਖ਼ਤ ਨੂੰ ਨਿਰਦੇਸ਼ਕ ਰਾਹੀਂ ਕਲਾਕਾਰਾਂ ਨਾਲ, ਕਈ ਰਿਹਸਲਾਂ, ਕਾਂਟ-ਛਾਂਟ, ਪਹਿਰਾਵਾ, ਰੂਪ-ਸੱਜਾ, ਮੰਚ ਸੱਜਾ, ਰੋਸ਼ਨੀ ਤੇ ਸੰਗੀਤ ਦੇ ਸਹਿਯੋਗ ਨਾਲ ਰੰਗਮੰਚ ਦਾ ਰੂਪ ਦਿੱਤਾ ਜਾਂਦਾ ਹੈ ਸੋ ਕਹਿਣ ਦਾ ਭਾਵ ਹੈ ਰੰਗਮੰਚ ਹੀ ਨਾਟਕ ਨੂੰ ਸੰਪੂਰਨ ਕਰ ਦਿੰਦਾ ਹੈ।

"ਨਾਟਕ ਇਕ ਅਤਿ ਗੰਭੀਰ, ਸੰਪੂਰਨ ਅਤੇ ਮਹਾਨ ਕਾਰਜ ਹੈ ਜਿਹੜਾ ਮੰਚ ਉਪਰ ਭਿੰਨ-ਭਿੰਨ ਭਾਸ਼ਾ, ਜੁਗਤਾਂ, ਅਭਿਨੈ, ਸੰਵਾਦ, ਸੰਗੀਤ, ਨ੍ਰਿਤ ਦੀ ਵਰਤੋਂ ਦੁਆਰਾ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ।"[1]

ਰੰਗਮੰਚ ਕਿਸੇ ਇਕੱਲੇ ਦਾ ਕਾਰਜ ਨਹੀਂ ਇਹ ਇੱਕ ਸਮੂਹਿਕ ਕਲਾ ਹੈ। ਇਸ ਵਿਚ ਨਿਰਦੇਸ਼ਕ (ਪਿੱਠਭੂਮੀ ਤੇ ਨਾਟਕਕਾਰ) ਅਦਾਕਾਰ, ਸੰਗੀਤਕਾਰ, ਗਾਇਕ, ਨ੍ਰਿਤਕਾਰ, ਰੋਸ਼ਨੀ ਵਾਲਾ, ਮੇਕ ਅਪ ਵਾਲਾ, ਮੰਚ ਜੜਤ ਵਾਲਾ, ਪਹਿਰਾਵੇ ਵਾਲਾ ਆਦਿ ਸਭ ਲੋਕ ਮਿਲ ਕੇ ਇੱਕ ਸਾਂਝੀ ਪੇਸ਼ਕਾਰੀ ਕਰਦੇ ਹਨ। ਅੱਜ ਪੰਜਾਬੀ ਰੰਗਮੰਚ ਵੀ ਵਿਸ਼ਵ ਪੱਧਰ 'ਤੇ ਆਪਣਾ ਨਾਮ ਬਣਾ ਚੁਕਿਆ ਹੈ। ਆਪਣੇ 110 ਸਾਲਾਂ ਵਿੱਚ ਪੰਜਾਬੀ ਰੰਗਮੰਚ ਨੇ ਅਨੇਕਾਂ ਉਤਰਾਅ-ਚੜ੍ਹਾਅ ਦੇਖੇ ਹਨ। ਸਮੇਂ ਸਮੇਂ ਪੈਦਾ ਹੋਈਆਂ ਲਹਿਰਾਂ ਨੇ ਪੰਜਾਬੀ ਰੰਗਮੰਚ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਰੰਗਮੰਚ ਤੋਂ ਪ੍ਰਭਾਵ ਲਿਆ ਵੀ ਹੈ। ਇਪਟਾ ਲਹਿਰ, ਖੱਬੇ ਪੱਖੀ ਲਹਿਰ, ਗਿਆਨ-ਵਿਗਿਆਨ ਸੰਮਤੀ ਦੀ ਲਹਿਰ, ਪਲਸ ਮੰਚ ਤੇ ਤਰਕਸ਼ੀਲ ਲਹਿਰ ਨੇ ਪੰਜਾਬੀ ਰੰਗਮੰਚ ਨੂੰ ਪ੍ਰਚਾਰ ਲਈ ਇੱਕ ਮਾਧਿਅਮ ਵਜੋਂ ਵਰਤਿਆਂ ਅਤੇ ਆਪਣੇ ਪ੍ਰਚਾਰ ਤੇ ਪਸਾਰ ਲਈ ਇਸ ਵਿੱਚ ਆਪਣੀ ਲੋੜ ਅਨੁਸਾਰ ਇਸ ਵਿੱਚੋਂ ਨਿਕਾਸ ਦੇ ਵਿਕਾਸ ਵੀ ਕੀਤਾ ਹੈ। ਤਰਕਸ਼ੀਲ ਸੁਸਾਇਟੀ 1983-84 ਵਿਚ ਆਪਣੀਆਂ ਜੜ੍ਹਾਂ ਬਰਨਾਲਾ ਵਿਖੇ ਲਗਾਉਂਦੀ ਹੈ। ਬਰਨਾਲਾ ਸਾਹਿਤ ਤੇ ਲਹਿਰਾਂ ਦਾ ਕੇਂਦਰ ਰਿਹਾ ਹੈ ਖਾਸ ਕਰ ਲੋਕ ਪੱਖੀ ਲਹਿਰਾਂ ਦਾ ਕੇਂਦਰ। ਜਿੱਥੋਂ ਤਰਕਸ਼ੀਲ ਲਹਿਰ ਪੈਦਾ ਹੋ ਕੇ ਪੰਜਾਬ ਵਿੱਚ ਫੈਲਦੀ ਹੋਈ ਭਾਰਤ ਦੇ ਬਾਕੀ ਹਿੱਸਿਆਂ ਨਾਲ ਸਾਂਝ ਪਾ ਕੇ ਆਪਣਾ ਫੈਲਾਅ ਕਰਦੇ ਰਹੇ ਅਤੇ ਵਿਦੇਸ਼ਾਂ ਵਿੱਚ ਗਏ ਪੰਜਾਬੀਆਂ ਰਾਹੀਂ ਵੀ ਇਸ ਨੇ ਆਪਣੀਆਂ ਜੜ੍ਹਾਂ ਦੁਨੀਆਂ ਭਰ ਵਿੱਚ ਮਜਬੂਤ ਕਰ ਲਈਆਂ। ਤਰਕਸ਼ੀਲਾਂ ਨੂੰ ਆਪਣੇ ਪ੍ਰਚਾਰ ਤੇ ਪਸਾਰ ਲਈ ਕਿਸੇ ਐਸੀ ਕਲਾ ਵੰਨਗੀ ਦੀ ਜ਼ਰੂਰਤ ਸੀ ਜੋ ਲੋਕਾਂ ਉਤੇ ਬਹੁ-ਗਿਣਤੀ ਵਿੱਚ ਵਧੀਆ ਢੰਗ ਨਾਲ ਪ੍ਰਭਾਵ ਪਾ ਸਕੇ, ਇਸ ਮਕਸਦ ਲਈ ਨਾਟਮੰਚ ਸਭ ਤੋਂ ਵਧੀਆ ਮਾਧਿਅਮ ਹੈ ਜਿਸ ਨੂੰ ਤਰਕਸ਼ੀਲਾਂ ਨੇ ਸੌਖਿਆ ਹੀ ਅਪਣਾ ਲਿਆ। ਤਰਕਸ਼ੀਲ ਲਹਿਰ ਵਿੱਚ ਕੰਮ ਕਰਨ ਵਾਲੇ ਕਾਰਕੁੰਨ ਖੱਬੇ-ਪੱਖੀ ਲਹਿਰਾਂ ਵਿੱਚ ਕੰਮ ਕਰਨ ਵਾਲੇ ਲੋਕ ਸਨ, ਜਿਨ੍ਹਾਂ ਦਾ ਰੰਗਮੰਚ ਨਾਲ ਸੰਬੰਧ ਇਪਟਾ ਲਹਿਰ ਤੋਂ ਹੀ ਪਿਆ ਹੋਇਆ ਸੀ। ਇਪਟਾ ਤੋਂ ਵੀ ਪਹਿਲਾਂ ਲਗਭਗ 110 ਸਾਲ ਪਹਿਲਾਂ ਪੰਜਾਬੀ ਨਾਟਮੰਚ ਦੀ ਕੋਈ ਪੁਰਾਣੀ ਪ੍ਰੰਪਰਾ ਨਹੀਂ ਸੀ, ਕਿਉਂਕਿ ਬੱਝਵੀਂ ਪ੍ਰੰਪਰਾ ਨਹੀਂ ਸੀ ਪਰ ਆਧੁਨਿਕ "ਪੰਜਾਬੀ ਨਾਟਕ ਅਤੇ ਰੰਗਮੰਚ ਭਾਵ ਪੰਜਾਬੀ ਨਾਟਮੰਚ ਦੀ ਸਾਂਝੀ ਧਾਰਾ ਨਿਰੰਤਰ ਵਹਿ ਰਹੀ ਹੈ। ਇਤਫ਼ਾਕ ਇਹ ਹੋਇਆ ਕਿ ਦੋਹਾਂ ਨੂੰ ਵੀਹਵੀਂ ਸਦੀ ਦੇ ਮੁੱਢ ਵਿੱਚ ਆਧੁਨਿਕ ਸਰੂਪ ਵਜੋਂ ਇਕੋ ਹੀ ਸਮੇਂ, ਇਕੋ ਹੀ ਵਿਅਕਤੀ ਭਾਵ ਆਇਰਿਸ਼ ਲੇਡੀ ਸ੍ਰੀਮਤੀ ਨੋਰਾ ਰਿਚਰਡਜ਼ ਦੁਆਰਾ ਸਾਂਝੇ ਰੂਪ ਵਿੱਚ ਵਿਕਸਿਤ ਹੋਣ ਦਾ ਮੌਕਾ ਮਿਲਿਆ।"[2] ਨੋਰਾ ਰਿਚਰਡਜ਼ ਵੱਲੋਂ ਜਗਾਈ ਰੰਗਮੰਚ ਦੀ ਜੋਤ 1984 ਤੱਕ ਪਹੁੰਚ ਕੇ ਆਪਣੀ ਤੀਸਰੀ ਪੀੜ੍ਹੀ ਦੇ ਰੂਪ ਵਿੱਚ ਲਟਲਟ ਮੱਚ ਰਹੀ ਸੀ ਤੇ ਰੰਗਮੰਚ ਨਵੀਆਂ ਤਕਨੀਕਾਂ ਦੇ ਰੂ-ਬ-ਰੂ ਹੋ ਕੇ ਨਵੇਂ ਅਯਾਮ ਸਿਰਜ ਰਿਹਾ ਸੀ। ਤੀਸਰੀ ਪੀੜ੍ਹੀ ਦੇ ਰੰਗਮੰਚ ਨੇ ਵਿਗਿਆਨਕ ਮੁਹਾਂਦਰਾ ਬਣਾ ਕੇ ਇੱਕ ਨਵਾਂ ਰਸਤਾ ਬਣਾ ਲਿਆ ਸੀ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਤੀਸਰੀ ਪੀੜ੍ਹੀ ਦੇ ਪਰਵੇਸ਼ ਨਾਲ ਪੰਜਾਬੀ ਨਾਟਮੰਚ ਦਾ ਮੂੰਹ-ਮੱਥਾ ਸੰਵਾਰਿਆ ਜਾ ਚੁੱਕਾ ਸੀ। ਇਸ ਨੇ ਆਪਣਾ ਸ਼ਹਿਰੀ, ਪੇਂਡੂ ਤੇ ਆਂਚਲਿਕ ਵੱਖਰਾ ਮੁਹਾਂਦਰਾ ਸਿਰਜ ਲਿਆ ਸੀ। ਇਸ ਕਰਕੇ ਲੋਕਾਂ ਨੇ ਤਰਕਸ਼ੀਲ ਵਿਚਾਰਧਾਰਾ ਦੇ ਨਾਟਕਾਂ ਨੂੰ ਛੇਤੀ ਪ੍ਰਵਾਨ ਕਰ ਲਿਆ ਸੀ। ਤੀਸਰੀ ਪੀੜ੍ਹੀ ਵਿੱਚੋਂ ਅਜਮੇਰ ਸਿੰਘ ਔਲਖ ਨੇ ਸੁਚੇਤ ਤੌਰ 'ਤੇ ਤਰਕਸ਼ੀਲ ਲਹਿਰ ਲਈ ਨਾਟਕ ਲਿਖਣੇ ਅਤੇ ਖੇਡਣੇ ਸ਼ੁਰੂ ਕੀਤੇ। ਜਨਚੇਤਨਾ ਲਈ ਔਲਖ ਨੇ 'ਚਾਨਣ ਦੇ ਵਣਜਾਰੇ' ਦੀ ਸਿਰਜਣਾ ਮੁੱਖ ਰੂਪ ਵਿੱਚ ਤਰਕਸ਼ੀਲ ਲਹਿਰ ਲਈ ਕੀਤੀ ਸੀ। ਤੀਸਰੀ ਪੀੜ੍ਹੀ ਦੇ ਨਾਲ-ਨਾਲ ਚੌਥੀ ਪੀੜ੍ਹੀ ਦੇ ਬਹੁਤ ਸਾਰੇ ਨਾਟਕਕਾਰਾਂ ਨਾਟ ਸਿਰਜਣਾ ਕੀਤੀ। ਪਿੰਡਾਂ ਵਿੱਚ ਨਾਟਕ ਮੇਲੇ ਹੋਣ ਕਾਰਨ ਬਹੁਤ ਸਾਰੇ ਨਿਰਦੇਸ਼ਕ ਵੀ ਸਾਹਮਣੇ ਆਉਣ ਲੱਗੇ। ਗੁਰਸ਼ਰਨ ਸਿੰਘ ਨੇ ਅਜਮੇਰ ਸਿੰਘ ਔਲਖ ਤੋਂ ਵੀ ਪਹਿਲਾ ਨਾਟਕ 'ਦੇਵ ਪੁਰਸ਼ ਹਾਰ ਗਏ' ਲਿਖਿਆ ਤੇ ਖੇਡਿਆ। ਜਿਸਦੀ ਗਵਾਹੀ ਵਿੱਚ ਮੇਘ ਰਾਜ ਮਿੱਤਰ ਕਹਿੰਦਾ ਹੈ,

"ਫਰਵਰੀ 1985 ਵਿਚ ਮੈਨੂੰ ਮਾਛੀਵਾੜੇ ਤੋਂ ਪਰਮਜੀਤ ਅਤੇ ਤਰਲੋਚਨ ਦੀ ਇਕ ਚਿੱਠੀ ਮਿਲੀ ਜਿਸ ਵਿੱਚ ਉਹਨਾਂ ਨੇ ਮੈਨੂੰ ਮਾਛੀਵਾੜੇ ਬੁਲਾਇਆ ਸੀ ਤਾਂ ਜੋ ਉਥੇ ਵੀ ਸੁਸਾਇਟੀ ਦੀ ਇਕਾਈ ਬਣਾ ਕੇ ਕੰਮ ਸ਼ੁਰੂ ਕੀਤਾ ਜਾ ਸਕੇ। ਇਸ ਤਰ੍ਹਾਂ ਅਸੀਂ ਉੱਥੋਂ ਦੀ ਇਕ ਇਕਾਈ ਬਣਾ ਲਈ ਅਤੇ ਉਹਨਾਂ ਨੇ ਗੁਰਸ਼ਰਨ ਭਾਅ ਜੀ ਦੇ ਸਹਿਯੋਗ ਨਾਲ ਇਕ ਡਰਾਮਾ 'ਦੇਵ ਪੁਰਸ਼ ਹਾਰ ਗਏ' ਖੇਡਣਾ ਸ਼ੁਰੂ ਕਰ ਦਿੱਤਾ।"[3]

ਜਿਵੇਂ ਹੀ ਪੰਜਾਬ ਦੇ ਅਲੱਗ-ਅਲੱਗ ਖੇਤਰਾਂ ਵਿੱਚ ਇਕਾਈਆਂ ਬਣਨ ਲੱਗੀਆਂ ਨਾਟਕ-ਮੇਲੇ ਸ਼ੁਰੂ ਹੋਏ, ਨਵੇਂ ਨਿਰਦੇਸ਼ਕ, ਨਿਰਦੇਸ਼ਨ ਦੇ ਪਿੜ ਵਿੱਚ ਆਏ ਜਿਨ੍ਹਾਂ ਅਨੇਕਾਂ ਨਾਟ ਰੂਪਾਂ ਜਿਵੇਂ ; ਪੂਰਾ ਨਾਟਕ, ਲਘੂ ਨਾਟਕ, ਇਕਾਂਗੀ ਨਾਟਕ, ਨੁੱਕੜ ਨਾਟਕ ਤੋਂ ਬਾਅਦ, ਕੋਰੀਓਗ੍ਰਾਫੀ ਨਾਟਕ ਤੇ ਸਕਿੱਟ ਵਰਗੇ ਨਵੇਂ ਰੰਗਮੰਚ ਰੂਪ ਪੈਦਾ ਕੀਤੇ।

### (ੳ) ਪੂਰਾ ਨਾਟਕ

ਵਧ ਰਹੇ ਤਰਕਸ਼ੀਲ ਮੇਲਿਆਂ, ਰੈਲੀਆਂ ਨੇ ਨਾਟਕ ਦੀ ਮੰਗ ਨੂੰ ਬੜ੍ਹਾਵਾ ਦਿੱਤਾ। ਡੇਢ ਤੋਂ ਦੋ ਘੰਟੇ ਦੇ ਸਮੇਂ ਵਾਲੇ ਨਾਟਕ ਰੰਗਮੰਚ 'ਤੇ ਖੇਡੇ ਜਾਣ ਲੱਗੇ ਜਿਨ੍ਹਾਂ ਵਿੱਚ ਪ੍ਰਮੁੱਖ ਨਾਟਕ ਹੇਠ ਲਿਖੇ ਹਨ ;

- ਚਾਨਣ ਦੇ ਵਣਜਾਰੇ
- ਬਾਲ ਭਗਵਾਨ

- ਪਰੇਤ
- ਸਾੜ੍ਹ-ਸਤੀ
- ਪਾਤਸ਼ਾਹ
- ਬਾਬਾ ਜਲਦੇਵ
- ਨਿਰੱਲਜ
- ਸਵਾਮੀ
- ਰੱਬ ਜੀ ਥੱਲੇ ਆ ਜਾਓ

ਸਲਾਨਾ ਵੱਡੇ-ਵੱਡੇ ਸਮਾਗਮਾਂ ਵਿੱਚ ਪੂਰੇ ਨਾਟਕਾਂ ਦੀਆਂ ਪੇਸ਼ਕਾਰੀਆਂ ਹੁੰਦੀਆਂ, ਜਿਸ ਵਿੱਚ 10 ਤੋਂ 18 ਤੱਕ ਕਲਾਕਾਰ ਨਾਟਕਾਂ ਵਿੱਚ ਭਾਗ ਲੈਂਦੇ। ਇਹਨਾਂ ਤਰਕਸ਼ੀਲ ਮੇਲਿਆਂ ਨੇ ਨਵੀਆਂ ਸਕ੍ਰਿਪਟਾਂ ਤੇ ਨਵੇਂ ਨਿਰਦੇਸ਼ਕਾਂ ਨੂੰ ਜਨਮ ਦਿੱਤਾ।

### (ਅ) ਲਘੂ ਨਾਟਕ

ਪੂਰੇ ਨਾਟਕ ਨੂੰ ਲਿਖਣ ਲਈ ਅਤੇ ਮੰਚਣ ਲਈ ਸਮੇਂ ਤੇ ਸਥਾਨ ਦੀ ਬਹੁਤ ਜ਼ਰੂਰਤ ਹੁੰਦੀ ਹੈ। ਇਸ ਕਰਕੇ ਲਘੂ ਨਾਟਕ ਲਿਖਣ ਦੀ ਪਿਰਤ ਵਧੀ, ਜਿਸ ਨੂੰ ਸਮੇਟਣ ਵਿੱਚ ਘੱਟ ਸਮੇਂ ਤੇ ਘੱਟ ਕਲਾਕਾਰਾਂ ਨਾਲ ਸਰ ਜਾਂਦਾ ਹੈ ਜਿਸ ਪ੍ਰਵਿਰਤੀ ਅਧੀਨ ਨਿਮਨ ਲਿਖਤ ਤਰਕਸ਼ੀਲ ਨਾਟਕਾਂ ਦੀ ਸਿਰਜਣਾ ਹੋਈ ;

- ਦੇਵ ਪੁਰਸ਼ ਹਾਰ ਗਏ
- ਬਾਂਝ
- ਜਦੋਂ ਰੋਸ਼ਨੀ ਹੁੰਦੀ ਹੈ
- ਸੋਨੇ ਦਾ ਹਿਰਨ
- ਬੋਦੀ ਵਾਲਾ ਤਾਰਾ
- ਵਿਆਹ ਦਾ ਭੂਤ
- ਸੱਚ ਦਾ ਕਤਲ
- ਆਦਮਖੋਰ
- ਤਰਕ ਦੀ ਸਾਣ 'ਤੇ
- ਰੱਬ ਇਕ ਗੋਰਖ ਧੰਦਾ

ਇਹਨਾਂ ਛੋਟੇ ਨਾਟਕਾਂ ਨੇ ਰੰਗਮੰਚ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ। ਪਿੰਡਾਂ ਦੇ ਥੜ੍ਹਿਆਂ, ਚੌਂਤਰਿਆਂ ਨੂੰ ਰੰਗਮੰਚ ਵਜੋਂ ਵਰਤਿਆ ਗਿਆ। ਪਿੰਡਾਂ ਵਿੱਚ ਛੋਟੀਆਂ-ਛੋਟੀਆਂ ਨਾਟਕ ਟੀਮਾਂ ਬਣਨ ਲੱਗੀਆਂ।

### (ੲ) ਇਕਾਂਗੀ ਨਾਟਕ

ਤਰਕਸ਼ੀਲ ਇਕਾਈਆਂ ਦੇ ਵਾਧੇ ਨਾਲ ਪ੍ਰੋਗਰਾਮਾਂ ਦੀ ਗਿਣਤੀ ਵਧ ਗਈ, ਤਰਕਸ਼ੀਲ ਮੇਲਿਆਂ ਦੀ ਗਿਣਤੀ ਵਧਣ ਨਾਲ ਤਰਕਸ਼ੀਲ ਨਾਟਕਾਂ ਦੀ ਮੰਗ ਵੀ ਵਧੀ। ਜਿਸ ਲਈ ਇਕਾਂਗੀ ਨਾਟ ਰੂਪ ਵਧੇਰੇ ਸੌਖਾ ਸੀ ਕਿਉਂਕਿ ਇਕਾਂਗੀ ਨਾਟਕ ਲਿਖਣਾ, ਤਿਆਰ ਕਰਨਾ, ਘੱਟ ਪਾਤਰਾਂ ਦੀ ਮੰਗ ਆਦਿ ਸਾਰੀਆਂ ਸਮੱਸਿਆਵਾਂ-ਘਾਟਾਂ ਨੂੰ ਪੂਰੀਆਂ ਕਰਦਾ ਸੀ, ਇਸ ਕਰਕੇ ਲਗਭਗ ਬਹੁਤੇ ਨਾਟਕਕਾਰ ਇਕਾਂਗੀ ਰਚਣ ਵਿੱਚ ਸੌਖ ਮਹਿਸੂਸ ਕਰਦੇ ਸਨ। ਨਿਰਦੇਸ਼ਕ ਘੱਟ ਸਮੇਂ ਵਿੱਚ ਤਰਕਸ਼ੀਲ ਇਕਾਂਗੀ ਤਿਆਰ ਕਰਕੇ ਬਹੁਤੇ ਸ਼ੋਅ ਕਰ ਲੈਂਦੇ ਸਨ। ਕਲਾਕਾਰਾਂ ਦੀ ਸਮੱਸਿਆ, ਰਿਹਸਲ ਦੀ ਸਮੱਸਿਆ, ਵੱਡੇ ਨਾਟਕ ਦੇ ਸੈੱਟ ਆਦਿ ਦੀਆਂ ਸਮੱਸਿਆ ਦੇ ਝੰਜਟ ਤੋਂ ਮੁਕਤੀ ਇਹ ਸਭ ਕੁੱਝ ਛੋਟੇ ਨਾਟਕ ਲਿਖਣ ਵੱਲ ਪ੍ਰੇਰਿਤ ਕਰਦੀ ਸੀ।

**ਤਰਕਸ਼ੀਲ ਇਕਾਂਗੀ :**

- ਸੁੱਕੀ ਕੁੱਖ
- ਖੱਪਰ ਖਾਲੀ ਹੈ
- ਓਪਰੀ ਸ਼ੈਅ
- ਠੱਗ ਠੱਗੇ ਗਏ
- ਸਮਾਂ ਮੰਗ ਕਰਦਾ ਹੈ
- ਹਨੇਰੇ ਤੋਂ ਚਾਨਣ ਵੱਲ
- ਛਲੇਡੇ
- ਦੋਸ਼ੀ
- ਬੰਦੇ ਖਾਣੀ
- ਚੌਂਰਾ
- ਮੈਂ ਨਾਸਤਿਕ ਕਿਉਂ ਹਾਂ
- ਡੈਣ
- ਸੁੰਨਾ ਵਿਹੜਾ

### (ਸ) ਨੁੱਕੜ ਨਾਟਕ

ਲੋਕਾਂ ਦੀ ਗੱਲ ਲੋਕਾਂ ਤੱਕ ਸਿੱਧੇ ਤੇ ਸਰਲ ਰੂਪ ਵਿੱਚ ਪਹੁੰਚਾਉਣ ਦਾ ਅਮਲ ਨੁਕੜ ਨਾਟਕ ਹੈ।

ਤਤਕਾਲੀ ਘਟਨਾਵਾਂ ਨੂੰ ਇਕ ਸੂਤਰ ਵਿਚ ਪਰੋ ਕੇ ਤਟਫਟ ਲੋਕਾਂ ਸਾਹਮਣੇ ਪੇਸ਼ ਕਰਨਾ ਨੁੱਕੜ ਨਾਟਕ ਦਾ ਸੁਭਾਅ ਹੈ। ਤਰਕਸ਼ੀਲ ਲਹਿਰ ਵਿਚ ਵੀ ਨੁਕੜ ਨਾਟਕ ਲਿਖੇ ਗਏ ਅਤੇ ਖੇਡੇ ਗਏ। ਬਿਨਾਂ ਕਿਸੇ ਸਾਜੋ ਸਮਾਨ ਦੇ ਪਿੰਡ, ਸ਼ਹਿਰ, ਪਾਰਕ, ਬੱਸ ਸਟੈਂਡ, ਰੇਲਵੇ ਸਟੇਸ਼ਨ, ਚੌਂਕ, ਚੌਰਸਤੇ ਵਿਚ ਡਫ ਦੀ ਥਾਂ 'ਤੇ ਲੋਕਾਂ ਨੂੰ ਇਕੱਠੇ ਕਰਕੇ ਜਾਂ ਕਿਸੇ ਸਾਧ ਵੱਲੋਂ ਚੈਲੰਜ ਕੀਤੇ ਜਾਣ 'ਤੇ ਉਸ ਦੇ ਪਿੰਡ, ਡੇਰੇ ਲੋਕਾਂ ਦੇ ਇਕੱਠ ਵਿੱਚ 'ਖੱਪਰ ਖਾਲੀ ਹੈ', 'ਕੁਦਰਤ ਦੇ ਸਭ ਬੰਦੇ', 'ਟੋਆ', 'ਨਾਸਤਿਕ ਕਿਉਂ ਹਾਂ' ਤੇ 'ਝੱਲੀ ਕਿੱਥੇ ਜਾਵੇ' ਆਦਿ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ ਹਨ। ਇਸ ਲਹਿਰ ਵਿੱਚ ਗੁਰਸ਼ਰਨ ਸਿੰਘ ਨੇ ਆਪਣੀ ਨਾਟਕ ਟੀਮ ਦੁਆਰਾ ਲਗਭਗ ਪੰਜਾਬ ਦੇ ਹਰ ਸ਼ਹਿਰ ਪਿੰਡ ਨੁੱਕੜ ਨਾਟਕ ਖੇਡੇ। ਸਿਰਜਣਾ ਆਰਟ ਗਰੁੱਪ ਰਾਏਕੋਟ, ਲੋਕ ਕਲਾ ਮੰਚ ਮੰਡੀ ਮੁਲਾਂਪੁਰ, ਲੋਕ ਕਲਾ ਮੰਚ ਜੀਰਾ, ਚੇਤਨਾ ਕਲਾ ਮੰਚ

ਬਰਨਾਲਾ, ਆਰਟ ਸੈਂਟਰ ਸਮਰਾਲਾ, ਚੇਤਨਾ ਕਲਾ ਮੰਚ ਚਮਕੌਰ ਸਾਹਿਬ ਦੁਆਰਾ ਵੀ ਤਰਕਸ਼ੀਲ ਨੁੱਕੜ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਤਰਕਸ਼ੀਲ ਲਹਿਰ ਨੇ ਨੁੱਕੜ ਨਾਟਕਾਂ ਨੂੰ ਵੀ ਵੱਧ ਤੋਂ ਵੱਧ ਖਿਡਾਇਆ, ਜਿਸ ਵਿੱਚ ਤਰਕਸ਼ੀਲ ਵਿਸ਼ਿਆਂ ਤੋਂ ਬਿਨਾਂ ਹੋਰ ਸਮਾਜਿਕ, ਰਾਜਨੀਤਕ, ਇਤਿਹਾਸਕ ਵਿਸ਼ਿਆਂ ਵਾਲੇ ਨਾਟਕ ਵੀ ਖੇਡੇ ਗਏ।

### (ਹ) ਕੋਰੀਓਗ੍ਰਾਫੀ ਨਾਟਕ

ਤਰਕਸ਼ੀਲ ਮੇਲਿਆਂ ਵਿੱਚ ਬਹੁਤ ਸਾਰੀਆਂ ਕੋਰੀਓਗ੍ਰਾਫੀ ਨੇ ਜਨਮ ਲਿਆ। ਇਸ ਵਿਧਾ ਨੂੰ ਕੋਰੀਓਗ੍ਰਾਫੀ ਨਾਲੋਂ 'ਗੀਤ ਦਾ ਮੰਚਣ' ਕਰਕੇ ਜਾਣਿਆ ਜਾਵੇ ਤਾਂ ਸਾਰਥਕ ਹੋਵੇਗਾ। ਇਸ ਵਿਧਾ ਵਿਚ ਰੰਗਮੰਚ, ਕਾਸਟਿਊਮ, ਬਲੋਕਿੰਗ, ਮੇਕਅਪ, ਸੰਗੀਤ, ਸੈੱਟ ਤੇ ਰੌਸ਼ਨੀ ਆਦਿ ਇਕ ਰੰਗਮੰਚੀ ਪੇਸ਼ਕਾਰੀ ਵਾਲੇ ਸਾਰੇ ਤੱਤ ਹਨ ਸਿਵਾਏ ਸੰਵਾਦ ਦੇ ਅਤੇ ਸਮਾਂ ਸੀਮਾਂ ਦੇ, ਪਰ ਇਸ 5 ਤੋਂ 8 ਮਿੰਟ ਦੀ ਪੇਸ਼ਕਾਰੀ ਵਿੱਚ ਇੱਕ ਪੂਰੀ ਰੰਗਮੰਚੀ ਪੇਸ਼ਕਾਰੀ ਵਰਗਾ ਸੋਹਜ ਪ੍ਰਾਪਤ ਹੋ ਜਾਂਦਾ ਹੈ। ਐਕਸ਼ਨ ਸੌਂਗ ਤੋਂ ਇਹ ਅਗਲਾ ਪੜਾਅ ਹੈ। ਗੁਰਸ਼ਰਨ ਸਿੰਘ ਨੇ ਖਾਸ ਤਰ੍ਹਾਂ ਦੀ ਕਾਸਟਿਊਮ ਪਵਾ ਕੇ ਲਾਈਵ ਗੀਤ-ਸੰਗੀਤ ਉੱਪਰ ਕਈ ਕਲਾਕਾਰਾਂ ਤੋਂ ਅਦਾਕਾਰੀ ਕਰਵਾਈ। ਹਮ ਮਿਹਨਤਕਸ਼, ਐ ਲਾਲ ਫਰੇਰੇ, ਕੋਹਰਾਮ ਮਚਾ ਦੇਂਗੇ, ਦਹਿਕ ਦੇ ਅੰਗਿਆਰਾਂ 'ਤੇ ਆਦਿ ਐਕਸ਼ਨ ਸੌਂਗ ਕੀਤੇ ਸਨ। ਪੰਜਾਬੀ ਰੰਗਮੰਚ ਤੇ ਤਰਕਸ਼ੀਲਤਾ ਦੇ ਦੌਰ ਵਿੱਚ ਹੀ ਕੋਰੀਓਗ੍ਰਾਫੀ ਦਾ ਮੁੱਢ ਮਾਸਟਰ ਤਰਲੋਚਨ ਸਿੰਘ ਨੇ ਬੰਨ੍ਹਿਆ। ਮਾਸਟਰ ਤਰਲੋਚਨ ਸਿੰਘ ਸਮਰਾਲਾ ਨੇ ਗੁਰਦਾਸ ਮਾਨ ਦੇ ਗੀਤ 'ਮੈਂ ਧਰਤੀ ਪੰਜਾਬ ਦੀ' ਦਾ ਮੰਚਨ ਕੀਤਾ। ਇੱਕ ਮਰਦਾਨਾ ਅਵਾਜ਼ ਤੇ ਔਰਤ ਪਾਤਰ ਵੱਲੋਂ ਅਦਾਕਾਰੀ ਕੀਤੀ ਗਈ। ਇਸ ਦੀ ਪੇਸ਼ਕਾਰੀ ਨੇ ਪੰਜਾਬ ਵਿਚ ਤਰਥੱਲੀ ਮਚਾ ਦਿੱਤੀ। ਪੰਜਾਬ ਵਿੱਚ ਸਮਾਂ ਇਹ ਆ ਗਿਆ ਜਦੋਂ ਤਰਕਸ਼ੀਲ ਮੇਲਿਆਂ ਵਿੱਚ ਨਾਟਕ ਦੀ ਟੀਮ ਨੂੰ ਪ੍ਰਬੰਧਕ ਬੁੱਕ ਕਰਦੇ ਸੀ ਤਾਂ ਉਹਨਾਂ ਦੀ ਪਹਿਲੀ ਸ਼ਰਤ ਇਹ ਹੁੰਦੀ ਸੀ ਕਿ 'ਧਰਤੀ ਪੰਜਾਬ ਦੀ' ਕੋਰੀਓਗ੍ਰਾਫੀ ਤਿਆਰ ਹੈ? ਉਸ ਟੀਮ ਦੇ ਨਾਟਕ ਕਰਵਾਏ ਜਾਂਦੇ ਸੀ ਜਿਸ ਕੋਲ ਇਹ ਕੋਰੀਓਗ੍ਰਾਫੀ ਤਿਆਰ ਹੁੰਦੀ ਸੀ।

ਇਸ ਕੋਰੀਓਗ੍ਰਾਫੀ ਤੋਂ ਬਾਅਦ ਪੰਜਾਬ ਵਿੱਚ ਲਗਭਗ ਹਰ ਨਾਟਕ ਟੀਮ ਕੋਰੀਓਗ੍ਰਾਫੀ ਤਿਆਰ ਕਰਨ ਲੱਗੀ। 'ਚੇਤਨਾ ਕਲਾ ਮੰਚ' ਚਮਕੌਰ ਸਾਹਿਬ ਉਹਨਾਂ ਦਿਨਾਂ ਵਿੱਚ ਤਰਕਸ਼ੀਲ ਮੇਲਿਆਂ ਵਿੱਚ ਬਹੁਤ ਸਰਗਰਮ ਸੀ। ਇਸ ਮੰਚ ਵੱਲੋਂ ਹਰਭਜਨ ਮਾਨ ਦੀ ਨਵੀਂ ਆਈ ਕੈਸਿਟ "ਵਧਾਈਆਂ ਜੀ ਵਧਾਈਆਂ" ਵਿਚਲੇ ਗੀਤ 'ਸੁਣ ਤੇਰੀ ਲਾਡਲੀ ਦੀ ਬਾਬਲ ਪੁਕਾਰ ਵੇ' ਤੇ ਕੋਰੀਓਗ੍ਰਾਫੀ ਕੁਮਾਰ ਪਵਨਦੀਪ ਦੁਆਰਾ ਕਰਵਾਈ ਗਈ। ਕਾਲੇ ਕੱਪੜਿਆਂ ਵਿੱਚ ਛੇ ਅਦਾਕਾਰ ਸੋਟੀਆਂ ਨਾਲ ਕਮਾਲ ਦੀਆਂ ਪ੍ਰਤੀਕਾਤਮਕ ਕੰਪੋਜੀਸ਼ਨਾਂ ਬਣਾ ਕੇ ਖੇਡ ਰਹੇ ਸਨ। ਧੀ ਦਾ ਕਾਰਜ ਅਨੀਤਾ ਸ਼ਬਦੀਸ਼ ਨੇ ਕੀਤਾ ਅਤੇ ਬਾਬਲ ਦਾ ਕਿਰਦਾਰ ਮਲਕੀਤ ਰੌਣੀ ਵੱਲੋਂ ਨਿਭਾਇਆ ਗਿਆ। 'ਕੁੜੀਆਂ ਤਾਂ ਕੁੜੀਆਂ ਨੇ' ਨਾਂ ਦੀ ਕੋਰੀਓਗ੍ਰਾਫੀ ਚੇਤਨਾ ਕਲਾ ਮੰਚ, ਚਮਕੌਰ ਸਾਹਿਬ ਦੀ ਪ੍ਰਾਪਤੀ ਸੀ।

ਇਸ ਤੋਂ ਅਗਲਾ ਨਿਵੇਕਲਾ ਕਾਰਜ ਸਿਰਜਣਾ ਆਰਟ ਗਰੁੱਪ ਰਾਏਕੋਟ ਦੇ ਨਿਰਦੇਸ਼ਕ ਸੋਮਪਾਲ ਹੀਰਾ ਨੇ ਕੀਤਾ ਜਿਸ ਨੇ 'ਅਮਰ ਸ਼ਹੀਦ' ਤੇ 'ਸਿੱਲੀ ਸਿੱਲੀ ਹਵਾ' ਜਿਹੀਆਂ ਵੱਡੀਆਂ ਪ੍ਰੋਡਕਸ਼ਨਾਂ ਤਿਆਰ ਕੀਤੀਆਂ ਜਿਸ ਵਿੱਚ ਸੈੱਟ, ਰੋਸ਼ਨੀ, ਕਾਸਟਿਊਮ, ਬਲੋਕਿੰਗ, ਪ੍ਰੋਪਰਟੀ, ਮੇਕਅੱਪ ਹਰ ਰੰਗਮੰਚੀ ਤੱਤ ਨੂੰ ਵਰਤਿਆ ਗਿਆ ਸੀ। ਜਿਸ ਦੀਆਂ ਉਚੇਚੀਆਂ ਪੇਸ਼ਕਾਰੀਆਂ ਗੁਰਸ਼ਰਨ ਸਿੰਘ ਵੱਲੋਂ 25 ਜਨਵਰੀ, 2000 ਵਿੱਚ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸਲਾਨਾ ਸਮਾਰੋਹ ਵਿੱਚ ਕਰਵਾਈਆਂ ਗਈਆਂ।

"23 ਮਾਰਚ ਤਲਵੰਡੀ ਸਲੇਮ ਪਾਸ਼ ਨੂੰ ਯਾਦ ਕੀਤਾ ਗਿਆ, ਸ਼ਰਧਾਂਜਲੀਆਂ ਦਿੱਤੀਆਂ ਗਈਆਂ, ਨਾਟਕ ਕੀਤੇ ਗਏ। ਨਾਟਕ ਕਲਾ ਕੇਂਦਰ ਲੋਹੀਆਂ ਦੇ ਕਲਾਕਾਰਾਂ ਵੱਲੋਂ ਪਾਸ਼ ਦਾ ਗੀਤ 'ਸੋਨੇ ਦੀ ਸਵੇਰ ਆਊ ਹਾਣੀਆ' ਕੋਰੀਓਗ੍ਰਾਫੀ ਰੂਪ ਵਿੱਚ ਪੇਸ਼ ਕੀਤਾ ਗਿਆ।"[4]

ਮਾਸਟਰ ਤਰਲੋਚਨ ਨੇ ਹੋਰ ਪੇਸ਼ਕਾਰੀਆਂ ਉਹ ਟੁੱਟ ਗਈ ਸਰਕਾਰ, ਮੈਂ ਔਰਤ ਹਾਂ ਜੱਗ ਦੀ ਜਨਣੀ ਤਿਆਰ ਕਰਵਾ ਕੇ ਪੰਜਾਬ ਭਰ ਵਿੱਚ ਖੇਡੀਆਂ। ਮਾਸਟਰ ਤਰਲੋਚਨ ਤੋਂ ਬਾਅਦ ਇਸ ਵਿਧਾ ਤੇ ਸੁਚੇਤ ਰੂਪ ਵਿੱਚ ਅਤੇ ਨਿੱਠ ਕੇ ਕੰਮ ਕਰਨ ਵਾਲਾ ਸੋਮਪਾਲ ਹੀਰਾ ਹੈ ਜਿਸ ਨੇ ਨਵੀਆਂ ਅਤੇ ਪੁਰਾਣੀਆਂ ਕੋਰੀਓਗ੍ਰਾਫੀਆਂ ਨੂੰ ਨਵੇਂ ਰੂਪ ਵਿੱਚ ਪੇਸ਼ ਕਰਕੇ ਪਹਿਲ ਕਦਮੀ ਕੀਤੀ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

- ਅਮਰ ਸ਼ਹੀਦ
- ਸਿੱਲੀ ਸਿੱਲੀ ਹਵਾ
- ਸੰਦੇਸੇ
- ਧੀਆਂ ਦੇ ਦਰਦ
- ਧੀ ਦਾ ਦੁਖਾਂਤ
- ਵਤਨ
- ਦੁਖਾਂਤ ਪੰਜਾਬ ਦਾ
- ਮਾਂ ਦੀ ਬੋਲੀ
- ਕੁੜੀਆਂ
- ਧੀਆਂ
- ਸਿਸਕਦੀ ਹਵਾ
- ਵਿਹਲੀ ਜਨਤਾ
- ਚੱਕ ਦੇ ਇੰਡੀਆ
- ਵੈਣ ਜੋ ਗੀਤ ਬਣੇ
- ਧੀਆਂ ਦਾ ਰੁਦਨ
- ਪਰਾਲੀ
- ਪਵਨ ਗੁਰੂ
- ਦਰਾਜੂ ਮੁੰਡਾ
- ਰੰਗ ਦੇ ਬਸੰਤੀ
- ਜੋ ਵਿਦੇਸ਼ਾਂ ਵਿੱਚ ਰੁਲਦੇ ਨੇ ਰੋਟੀ ਲਈ
- ਜਲ੍ਹਿਆਂਵਾਲਾ ਬਾਗ
- ਇਹ ਪੰਜਾਬ ਵੀ ਮੇਰਾ ਏ
- ਹਿੱਸੇ ਦੀਆਂ ਲੋਰੀਆਂ
- ਕੁੱਖ 'ਚ ਕਤਲ
- ਭਗਤ ਸਿੰਘ ਤੂੰ ਜਿੰਦਾ ਹੈ

- ਵੋਹ ਸੁਭ੍ਹਾ ਕਭੀ ਤੋ ਆਏਗੀ
- ਆਪਣਾ ਘਰ
- ਪਗੜੀ ਸੰਭਾਲ ਜੱਟਾ
- ਗੱਡੀ ਭਰਕੇ ਰੱਬਾਂ ਦੀ ਆਈ

ਕੋਰੀਓਗ੍ਰਾਫੀ ਦੀ ਪੇਸ਼ਕਾਰੀ ਬਾਰੇ ਗੁਰਸ਼ਰਨ ਸਿੰਘ ਦੀ ਟਿੱਪਣੀ ਬਹੁਤ ਮਹੱਤਵਪੂਰਣ ਹੈ -

"ਕੋਰੀਓਗ੍ਰਾਫੀ ਕਲਾ ਦੇ ਕਮਾਲ ਦੀ ਇੱਕ ਹੋਰ ਮਿਸਾਲ ਕ੍ਰਿਸ਼ਨ ਕੋਰਪਾਲ ਦੇ ਗੀਤ 'ਮੈਂ ਹਾਂ ਇੱਕ ਔਰਤ, ਜੱਗ ਦੀ ਜਨਣੀ' ਦੀ ਹੈ। ਇਹ ਗੀਤ ਦਿਲਰਾਜ ਕੌਰ ਦੀ ਆਵਾਜ਼ ਵਿੱਚ ਹੈ ਅਤੇ ਇਸ ਦੀ ਕੋਰੀਓਗ੍ਰਾਫੀ ਡਿਜ਼ਾਇਨ ਮਾਸਟਰ ਤਿਰਲੋਚਨ ਸਿੰਘ ਨੇ ਕੀਤੀ। ਪਿਛਲੇ ਸਾਲ ਹੰਸ ਰਾਜ ਹੰਸ ਦੇ ਗਾਏ ਗਏ ਗੀਤ 'ਸਰਹੱਦਾਂ ਤੋੜ ਦਿਓ' ਦਾ ਕੋਰੀਓਗ੍ਰਾਫੀ ਰੂਪ ਬਰਨਾਲਾ ਦੇ ਇੱਕ ਨਾਟਕ ਗਰੁੱਪ ਨੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਵਿੱਚ ਪੇਸ਼ ਕੀਤਾ ਹੈ। ਇੱਧਰਲੇ ਪੰਜਾਬ ਅਤੇ ਓੁੱਧਰਲੇ ਪੰਜਾਬ ਦੀ ਸੱਭਿਆਚਾਰਕ ਏਕਤਾ ਦੀ ਗੱਲ ਅਮਰਦੀਪ ਦੇ ਇਸ ਗੀਤ ਵਿੱਚ ਕੀਤੀ ਗਈ ਹੈ। ਇਹ ਪੇਸ਼ਕਾਰੀ ਵੀ ਇੱਕ ਯਾਦਗਾਰ ਪੇਸ਼ਕਾਰੀ ਹੈ।

ਇਸੇ ਤਰ੍ਹਾਂ ਜਨਮ ਤੋਂ ਪਹਿਲਾਂ ਟੈਸਟਾਂ ਰਾਹੀਂ ਜਾਣਕਾਰੀ ਲੈ ਕੇ ਬੱਚੀ ਨੂੰ ਗਰਭ ਵਿੱਚ ਹੀ ਖਤਮ ਕੀਤੇ ਜਾਣ ਦੇ ਦਰਦ ਦੀ ਇੱਕ ਪੇਸ਼ਕਾਰੀ ਕੋਰੀਓਗ੍ਰਾਫੀ 'ਕੁੱਖ 'ਚ ਨਾ ਕਤਲ ਕਰਵਾ ਰਾਹੀਂ' ਮੇਘਰਾਜ ਰੱਲਾ ਦੀ ਨਿਰਦੇਸ਼ਨਾ ਵਿੱਚ ਜ਼ੀਰਾ ਦੇ ਇੱਕ ਵਿਦਿਆਰਥੀਆਂ ਦੇ ਨਾਟ ਗਰੁੱਪ ਨੇ ਕੀਤੀ। ਉਹ ਵੀ ਇਸ ਕਲਾ ਦੀ ਸਾਰਥਕਤਾ ਦੀ ਮਿਸਾਲ ਹੈ।

ਕੋਰੀਓਗ੍ਰਾਫੀ ਨਾਟਕ ਸਿੱਖਿਆ ਦਾ ਇੱਕ ਜ਼ਰੂਰੀ ਰੂਪ ਹੋ ਕੇ ਉੱਭਰ ਰਹੀ ਹੈ। ਕਿਸੇ ਸਿਆਣੇ ਟੀਚਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਦਾ ਸਟੇਜ ਉੱਤੇ ਪ੍ਰਵੇਸ਼ ਕੋਰੀਓਗ੍ਰਾਫੀ ਰਾਹੀਂ ਸੌਖੀ ਤਰ੍ਹਾਂ ਹੋ ਜਾਂਦਾ ਹੈ ਕਿਉਂਕਿ ਚੰਗੇ ਤੋਂ ਚੰਗੇ ਗਾਏ ਗੀਤਾਂ ਦੀਆਂ ਟੇਪਾਂ ਮਿਲ ਜਾਂਦੀਆਂ ਹਨ। ਰੀਹਰਸਲਾਂ ਟੇਪਾਂ ਰਾਹੀਂ ਸੌਖੀਆਂ ਹੋ ਜਾਂਦੀਆਂ ਹਨ। ਕਿਸੇ ਵਿਦਿਆਰਥੀ ਦੀ ਨਾਟ ਪ੍ਰਤਿਭਾ ਇੱਕਦਮ ਪਹਿਚਾਣੀ ਜਾਂਦੀ ਹੈ ਕਿ ਇਸ ਦੀ ਚੰਗਾ ਨਾਟਕ ਕਲਾਕਾਰ ਬਣਨ ਦੀ ਸੰਭਾਵਨਾ ਹੈ। ਪਿਛਲੇ ਮਹੀਨੇ ਮੋਗਾ ਜ਼ਿਲ੍ਹਾ ਦੇ ਇੱਕ ਪਿੰਡ ਨੰਗਲ ਵਿੱਚ ਇੱਕ ਨਾਟਕ ਸਮਾਗਮ ਉੱਤੇ ਮੈਂ ਨਿਹਾਲ ਸਿੰਘ ਵਾਲਾ ਦੇ ਇੱਕ ਸਕੂਲ ਬਾਬਾ ਜੀਵਨ ਸਿੰਘ ਪਾਠਸ਼ਾਲਾ ਦੇ ਬੱਚਿਆਂ ਵੱਲੋਂ ਮਾਸਟਰ ਹਰਜੀਤ ਸਿੰਘ ਦੀ ਨਿਗਰਾਨੀ ਵਿੱਚ ਤਿਆਰ ਕਰਵਾਈਆਂ ਕੁਝ ਕੋਰੀਓਗ੍ਰਾਫੀਆਂ ਵੇਖੀਆਂ। ਮੈਂ ਇਕਦਮ ਪਹਿਚਾਣ ਸਕਿਆ ਕਿ ਉਸ ਛੋਟੇ ਬੱਚਿਆਂ ਦੀ ਟੀਮ ਵਿੱਚ ਦੋ ਕੁੜੀਆਂ ਅਤੇ ਦੋ ਮੁੰਡੇ ਇਹੋ ਜਿਹੀ ਪ੍ਰਤਿਭਾ ਦੇ ਮਾਲਕ ਜ਼ਰੂਰ ਹਨ ਕਿ ਥੋੜ੍ਹੀ ਜਿਹੀ ਸਿਖਲਾਈ ਨਾਲ਼ ਹੀ ਉਹ ਚੰਗੇ ਨਾਟਕ ਕਲਾਕਾਰ ਬਣ ਸਕਦੇ ਹਨ।

ਪਿਛਲੇ ਚਾਰ-ਪੰਜ ਸਾਲ ਤੋਂ ਜਿਹੜੀਆਂ ਕੋਰੀਓਗ੍ਰਾਫੀ ਦੀਆਂ ਪੇਸ਼ਕਾਰੀਆਂ ਹੋਈਆਂ ਹਨ ਅਤੇ ਜਿਨ੍ਹਾਂ ਨੇ ਪੰਜਾਬ ਦੀ ਸਟੇਜ ਉੱਤੇ ਆਪਣੀ ਛਾਪ ਛੱਡੀ ਹੈ, ਉਨ੍ਹਾਂ ਵਿੱਚ ਬਹੁਤੀ ਭਾਗਦਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਹੈ। ਇਸ ਕਰਕੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕੋਰੀਓਗ੍ਰਾਫੀ ਦੀ ਕਲਾ ਨਾਟਕ ਸਿਖਲਾਈ ਵਿੱਚ ਨਰਸਰੀ ਸਕੂਲ ਦੀ ਭੂਮਿਕਾ ਨਿਭਾਅ ਸਕਦੀ ਹੈ। ਆਪਣੇ ਆਪ ਵਿੱਚ ਇਹ ਇਸ ਕਲਾ ਦੀ ਪ੍ਰਾਪਤੀ ਹੈ।[5]

**(ਕ) ਸਕਿੱਟ**

ਸਕਿੱਟ ਭਾਵੇਂ ਟੈਲੀਵਿਯਨ ਦੀ ਚਰਚਿਤ ਵਿਧਾ ਹੈ, ਯੂਥ ਫੈਸਟੀਵਲਾਂ ਦੀ ਇਕ ਵੰਨਗੀ ਹੈ ਜਿਸ ਵਿਚ ਅੱਜ ਕਲ੍ਹ ਜਬਰਦਸਤ ਮੁਕਾਬਲੇ ਪਾਏ ਜਾਂਦੇ ਹਨ। ਤਰਕਸ਼ੀਲ ਲਹਿਰ ਲਈ ਵੀ ਇਸ ਵਿਧਾ ਤੇ ਕਈ ਨਾਟਕਕਾਰਾਂ, ਨਿਰਦੇਸ਼ਕਾਂ ਨੇ ਕਾਰਜ ਕੀਤਾ। ਕੁਝ ਚਰਚਿਤ ਸਕਿੱਟਾ ਸਨ : ਖੱਪਰ, ਡੇਰਾ, ਚਿਰਾਗ਼, ਬਾਬਾ ਛੂ ਛੜੱਕ, ਪਖੰਡੀ ਬਾਬਾ, ਮਸਲਾ ਪੰਜਾਬ, ਸੁੱਠ ਖਾਂ ਭਗਤਾ ਚੌਲ। ਪਹਿਲਾਂ ਪਹਿਲ ਇਹ ਵਿਧਾ ਟੀਵੀ ਤੋਂ ਕੈਸਿਟ ਕਲਚਰ ਵਿਚ ਆਈ ਜਿਸ ਨੂੰ ਜਸਵਿੰਦਰ ਭੱਲਾ ਨੇ ਕਾਫੀ ਮਕਬੂਲ ਕੀਤਾ। ਸਭ ਤੋ ਵਧੀਆ ਕੈਸਿਟ ਕਲਚਰ ਵਿਚ ਭਗਵੰਤ ਮਾਨ (ਮੁੱਖ ਮੰਤਰੀ ਪੰਜਾਬ) ਨੇ ਉੱਚ ਪਾਏ ਦਾ ਕੰਮ ਕੀਤਾ। ਸਾਰਥਕ ਕਮੇਡੀ ਵਾਲੀਆਂ ਸਕਿੱਟਾਂ ਪੇਸ਼ ਕੀਤੀਆਂ ਹਨ। ਉਸ ਸਮੇਂ ਜਦੋਂ ਕੋਈ ਨਵੀਂ ਟੇਪ (ਕੈਸਿਟ) ਆਉਂਦੀ ਉਸ ਵਿਚ ਚਾਰ ਕੁ ਗੀਤ ਤੇ ਚਾਰ ਕੁ ਸਕਿੱਟ ਦਾ ਮਸਾਲਾ ਪਾ ਕੇ ਕੈਸਿਟ ਨੂੰ ਹਿੱਟ ਕੀਤਾ ਜਾਂਦਾ ਸੀ। ਗੀਤ (ਪੈਰੋਡੀ) ਵੀ ਅਰਥ ਭਰਪੂਰ ਸਨ।

ਤਰਕਸ਼ੀਲਤਾ ਦੀ ਮੰਗ ਨੇ ਟੀ.ਵੀ. ਤੇ ਕੈਸਿਟ ਤੋ ਬਾਅਦ ਸਕਿੱਟਾਂ ਨੂੰ ਮੰਚ 'ਤੇ ਲੈ ਆਉਂਦਾ ਸੀ। 1994 ਵਿਚ ਸਵ. ਸੁਰਜੀਤ ਗਾਮੀ ਇਹਨਾਂ ਨੂੰ ਮੰਚ 'ਤੇ ਕਰਦਾ ਰਿਹਾ ਹੈ। ਸੁਰਜੀਤ ਗਾਮੀ ਮਾਨਸਾ ਦਾ ਸਿਰੜੀ ਤੇ ਕਿਰਤੀ ਰੰਗਕਰਮੀ ਸੀ 'ਸੁਰਜੀਤ ਗਾਮੀ ਅਤੇ ਉਸ ਦੇ ਸਾਥੀਆਂ ਨੇ 'ਮਾਨਸਾ ਕਲਾ ਮੰਚ' ਵਲੋਂ 'ਸ਼ਾਮਲਾਟ ਦੀ ਟਾਹਲੀ' ਨਾਟਕ ਖੇਡਿਆ ਜੋ ਅਜੋਕੇ ਸਮਾਜ ਤੇ ਭਰਵੀਂ ਚੋਟ ਸੀ। ਫਿਰ ਸੁਰਜੀਤ ਗਾਮੀ ਅਤੇ ਗੋਰਖ ਵਲੋਂ ਹਾਸੇ ਅਤੇ ਵਿਅੰਗ ਭਰਪੂਰ ਸਕਿੱਟਾਂ ਜਿਨ੍ਹਾਂ ਵਿੱਚੋਂ ਸਭ ਤੋਂ ਮਕਬੂਲ ਸੁੱਟ ਖਾਂ ਭਗਤਾ ਚੌਲ, ਪੰਜਾਬ ਮਸਲਾ ਖੇਡੀਆਂ ਗਈਆਂ। ਇਹਨਾਂ ਸਕਿੱਟਾਂ ਰਾਹੀਂ ਲੋਕਾਂ ਨੂੰ ਪਖੰਡੀ ਸਾਧਾਂ ਅਤੇ ਜੋਤਸ਼ੀਆਂ ਤੋਂ ਬਚਣ ਦੀ ਅਪੀਲ ਕੀਤੀ ਗਈ।"[6]

ਬਹੁਗਿਣਤੀ ਵਿਚ ਤਰਕਸ਼ੀਲ ਸਕਿੱਟਾਂ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਕੀਤੀਆਂ ਜਾਂਦੀਆਂ ਸਨ। ਸਕਿੱਟਾਂ ਬਾਰੇ ਗੁਰਸ਼ਰਨ ਸਿੰਘ ਦੀ ਟਿੱਪਣੀ ਇਸ ਤਰ੍ਹਾਂ ਹੈ, ਤਰਕਸ਼ੀਲ ਲਹਿਰ ਨੂੰ ਸਮਰਪਤ ਨਾਟਕ ਅਤੇ ਸਕਿੱਟ ਵੀ ਸ਼ਾਮਲ ਹੁੰਦੇ ਹਨ.........ਕੁਝ ਕੁ ਸਕਿੱਟਾਂ ਲੋਕਲ ਕਲਾਕਾਰਾਂ ਵੱਲੋਂ ਕੀਤੀਆਂ ਜਾਂਦੀਆਂ ਹਨ। ਸਕਿੱਟਾਂ ਵਿੱਚ ਸਾਧਾਂ ਦੇ ਪਖੰਡ ਨਸ਼ਰ ਕੀਤੇ ਜਾਂਦੇ ਹਨ। ਇਹ ਸਕਿੱਟਾਂ ਬਹੁਤੀਆਂ ਸਕੂਲੀ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਹੁੰਦੀਆਂ ਹਨ। ਦਰਸ਼ਕ ਇਨ੍ਹਾਂ ਦਾ ਪੂਰਾ ਸਵਾਦ ਮਾਣਦੇ ਹਨ। ਇਨ੍ਹਾਂ ਦਾ ਸੁਨੇਹਾ ਵੀ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਹੁੰਦਾ ਹੈ।[7]

**ਹਵਾਲੇ :**

1. ਕਮਲੇਸ਼ ਉੱਪਲ, ਨਾਟਕ ਕਲਾ (ਸਮਾਜਕ ਵਿਗਿਆਨ ਪੱਤਰ, ਵਿਸ਼ੇਸ਼ ਅੰਕ ਨੰ. 42) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1997, ਪੰਨਾ-50.
2. ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਮੰਚ ਦਾ ਨਿਕਾਸ ਤੇ ਵਿਕਾਸ, ਨੈਸ਼ਨਲ ਬੁਕ ਟਰੱਸਟ, ਇੰਡੀਆ, 2011, ਪੰਨਾ-8.
3. ਮੇਘ ਰਾਜ ਮਿੱਤਰ (ਸੰਪਾ.), ਭੂਤਾਂ ਪ੍ਰੇਤਾਂ ਨਾਲ ਯੁੱਧ ਕਿਵੇਂ, ਲੋਕਗੀਤ ਪ੍ਰਕਾਸ਼ਨ, 1986, ਪੰਨਾ-19.
4. ਗੁਰਸ਼ਰਨ ਸਿੰਘ, ਸਮੇਂ ਨਾਲ ਗੱਲਾਂ (ਕਲਾ ਡਾਇਰੀ ਦੇ ਪੰਨੇ) ਸੰਪਾ. ਹਰਪ੍ਰੀਤ ਸਿੰਘ (ਡਾ.) ਪੀਪਲਜ਼ ਫੋਰਮ, ਬਰਗਾੜੀ, 2020, ਪੰਨਾ-29.
5. ਉਹੀ, ਪੰਨਾ- 71-78.
6. ਅਸ਼ੋਕ ਕੁਮਾਰ ਮਖੂ, ਸਰਗਰਮੀਆਂ, ਤਰਕਬੋਧ, ਫਰਵਰੀ 1994, ਪੰਨਾ-26.
7. ਗੁਰਸ਼ਰਨ ਸਿੰਘ, ਕਲਾ ਤੇ ਜ਼ਿੰਦਗੀ (ਮੇਰੀ ਡਾਇਰੀ ਦੇ ਸਫੇ) ਉਹੀ, ਪੰਨਾ-78-80.